# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟ੍ਰੇਟ, ਫਿਰੋਜ਼ਪੁਰ

(ਫੁਟਕਲ ਸ਼ਾਖਾ)

ਹੁਕਮ: -

ਕਰੋਨਾ ਵਾਇਰਸ (ਕੋਵਿਡ-19) ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਗਈ ਹੈ। ਜਿਸ ਨੂੰ ਸਰਕਾਰ ਵੱਲੋਂ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ, ਜਿਸਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ।

ਇਸ ਸਬੰਧੀ, ਇਸ ਦਫਤਰ ਦੇ ਪੱਤਰ ਨੰ: 739/ਫਸ/ਫਕ-1 ਮਿਤੀ 23-03-2020 ਰਾਹੀਂ ਜਿਲ੍ਹਾ ਫਿਰੋਜ਼ਪੁਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਕਰੋਨਾ ਵਾਇਰਸ ਤੋਂ ਬਚਾਅ ਲਈ ਲੋਕਾਂ ਦੀ ਨਿਰੋਈ ਸਿਹਤ ਹੋਣਾ ਜ਼ਰੂਰੀ ਹੈ। ਲੋਕਾਂ ਦੀ ਚੰਗੀ ਸਿਹਤ ਲਈ ਇਹ ਜ਼ਰੂਰੀ ਹੈ ਕਿ ਉਹਨਾਂ ਨੂੰ ਤਾਜ਼ੀਆਂ ਸਬਜ਼ੀਆਂ ਅਤੇ ਫਲ ਮਿਲਦੇ ਰਹਿਣ। ਪਰੰਤੂ ਇਹ ਦੇਖਣ ਵਿੱਚ ਆਇਆ ਹੈ ਕਿ ਸਬਜ਼ੀਆਂ ਅਤੇ ਫਲਾਂ ਦੇ ਰੇਟਾਂ ਵਿੱਚ ਇੱਕ ਸਮਾਨਤਾ ਨਹੀਂ ਹੈ, ਜਿਸ ਕਰਕੇ ਆਮ ਲੋਕਾਂ ਨੂੰ ਦਿਕੱਤ ਆ ਰਹੀ ਹੈ। ਇਸ ਕਰਕੇ ਜਿਲ੍ਹਾ ਪ੍ਰਸਾਸਨ ਵੱਲੋ ਇਹ ਫੈਸਲਾ ਲਿਆ ਗਿਆ ਹੈ ਕਿ ਫਲਾਂ ਅਤੇ ਸਬਜ਼ੀਆ ਦੇ ਰੇਟ ਹਰ ਰੋਜ਼ ਜਾਰੀ ਕੀਤੇ ਜਾਇਆ ਕਰਨਗੇ। ਅੱਜ ਮਿਤੀ 31-03-2020 ਨੂੰ ਰੇਹੜੀਆ ਅਤੇ ਪ੍ਰਚੂਨ ਤੋਂ ਖਰੀਦੀ ਜਾਣ ਵਾਲੀਆ ਸਬਜੀਆ/ਫਲਾਂ ਦੇ ਵੱਧ ਤੋ ਵੱਧ ਰੇਟਾਂ ਸਬੰਧੀ, ਹੇਠ ਲਿਖੇ ਅਨੁਸਾਰ ਲਿਸਟ ਨਿਰਧਾਰਿਤ ਕੀਤੀ ਜਾਂਦੀ ਹੈ। ਜੇਕਰ ਕੋਈ ਪ੍ਰਚੂਨ ਵਿਕਰੇਤਾ ਇਸ ਰੇਟ ਤੋ ਘੱਟ ਰੇਟ ਤੇ ਵੇਚਣਾ ਚਾਹੇ ਤਾਂ ਇਸ ਤੋ ਸਸਤਾ ਵੇਚਿਆ ਜਾ ਸਕਦਾ ਹੈ, ਪਰੰਤੂ ਇਸ ਤੋ ਮਹਿੰਗਾ ਸਮਾਨ ਵੇਚਣ ਤੇ ਪੂਰਨ ਪਾਬੰਦੀ ਹੋਵੇਗੀ। ਜੇਕਰ ਕੋਈ ਸਬਜ਼ੀ/ਫਲਾਂ ਵਾਲਾ ਇਸ ਤੋ ਵੱਧ ਰੇਟ ਤੇ ਸਬਜੀਆ ਜਾਂ ਫਲ ਵੇਚਦਾ ਪਾਇਆ ਗਿਆ ਤਾ ਉਸਦਾ ਕਰਫਿਊ ਪਾਸ ਜ਼ਬਤ ਕਰ ਲਿਆ ਜਾਵੇਗਾ ਅਤੇ ਉਸ ਵਿਰੁੱਧ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ।

| ਲੜੀ ਨੰ: | ਕਿਸਮ | ਰੇਟ ਪ੍ਰਤੀ ਕਿਲੋ | ਲੜੀ ਨੰ: | ਕਿਸਮ | ਰੇਟ ਪ੍ਰਤੀ ਕਿਲੋ |
|---|---|---|---|---|---|
| 1 | ਪਿਆਜ | 35 ਰੁਪਏ | 13 | ਬੰਦ ਗੋਭੀ | 28 ਰੁਪਏ |
| 2 | ਟਮਾਟਰ | 35 ਰੁਪਏ | 14 | ਕਿੰਨੂ | 40 ਰੁਪਏ |
| 3 | ਆਲੂ | 30 ਰੁਪਏ | 15 | ਕੇਲਾ | 30 ਰੁਪਏ ਦਰਜਨ |
| 4 | ਗੋਭੀ | 15 ਰੁਪਏ | 16 | ਪਪੀਤਾ | 45 ਰੁਪਏ |
| 5 | ਅਦਰਕ | 120 ਰੁਪਏ | 17 | ਅੰਗੂਰ | 100 ਰੁਪਏ |
| 6 | ਲਸਣ | 90 ਰੁਪਏ | 18 | ਅਨਾਨਾਸ | 35 ਰੁਪਏ |
| 7 | ਘੀਆ ਲੋਕੀ | 30 ਰੁਪਏ | 19 | ਸੇਬ | 110 ਰੁਪਏ |
| 8 | ਖੀਰਾ | 20 ਰੁਪਏ | 20 | ਬੈਗਣ | 30 ਰੁਪਏ |
| 9 | ਮਟਰ | 25 ਰੁਪਏ | 21 | ਭਿੰਡੀ | 80 ਰੁਪਏ |
| 10 | ਗਾਜਰ | 15 ਰੁਪਏ | 22 | ਮੂਲੀ | 20 ਰੁਪਏ |
| 11 | ਮਿਰਚ | 70 ਰੁਪਏ | 23 | ਹਲਵਾ ਕੱਦੂ | 20 ਰੁਪਏ |
| 12 | ਨਿੰਬੂ | 50 ਰੁਪਏ | 24 | ਧਨੀਆ | 20 ਰੁਪਏ |

DISTRICT MAGISTRATE FEROZEPUR

ਜਿਲ੍ਹਾ ਮੈਜਿਸਟ੍ਰੇਟ,
ਫਿਰੋਜ਼ਪੁਰ।

ਪਿੱਠ ਅੰਕਣ ਨੰ: 974 ਮਿਤੀ 31-03-2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਅੱਧਿਕਾਰੀਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ: -

1. ਕਮਿਸ਼ਨਰ ਫਿਰੋਜਪੁਰ ਮੰਡਲ, ਫਿਰੋਜਪੁਰ।
2. ਸੀਨੀਅਰ ਪੁਲਿਸ ਕਪਤਾਨ, ਫਿਰੋਜਪੁਰ।
3. ਜਿਲ੍ਹਾ ਮੰਡੀ ਅਫਸਰ, ਫਿਰੋਜਪੁਰ।
4. ਜਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜਪੁਰ।
5. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਿਰੋਜਪੁਰ।

ਜਿਲ੍ਹਾ ਮੈਜਿਸਟ੍ਰੇਟ,
ਫਿਰੋਜ਼ਪੁਰ।

Scanned with CamScanner